





ਕੋਲੰਬੀਆ ਦੇ ਜੰਗਲਾਂ ਦੇ ਅੰਦਰੂਨੀ ਹਿੱਸਿਆਂ ਵਿੱਚ ਕਿਤਾਬਾਂ ਨੂੰ ਪਿਆਰ ਕਰਨ ਵਾਲਾ ਇੱਕ ਆਦਮੀ ਰਹਿੰਦਾ ਹੈ ।ਜਿਸਦਾ ਨਾਮ ਲੁਈਸ ਹੈ।




ਜਿਵੇਂ ਹੀ ਉਹ ਇੱਕ ਕਿਤਾਬ ਖ਼ਤਮ ਕਰਦਾ ਹੈ, ਉਹ ਦੂਜੀ ਕਿਤਾਬ ਘਰ ਲੈ ਆਉਂਦਾ ਹੈ।ਜਲਦੀ ਹੀ ਘਰ ਕਿਤਾਬਾਂ ਨਾਲ ਭਰ ਜਾਂਦਾ ਹੈ। ਉਸਦੀ ਪਤਨੀ ਡਾਇਨਾ ਬੁੜਬੁੜਾਉਂਦੀ ਹੈ।




ਅਸੀਂ ਕੀ ਕਰਾਂਗੇ, ਕੀ ਅਸੀਂ ਚੌਲਾਂ ਨਾਲ ਕਿਤਾਬਾਂ ਖਾਵਾਂਗੇ?

Luis thinks long and hard.
At last an idea pops into his head.




ਲੁਈਸ ਬੜੀ ਦੇਰ ਤੱਕ ਕਾਫ਼ੀ ਸੋਚਦਾ ਹੈ। ਅਖੀਰ ਵਿੱਚ ਉਸਨੂੰ
ਇੱਕ ਤਰਤੀਬ ਸੁੱਝਦੀ ਹੈ।

"I can bring my books into the faraway hills
to share with those who have none.




One burro could carry books,
and another burro could carry me—and more books!"


“ ਮੈਂ ਆਪਣੀਆਂ ਕਿਤਾਬਾਂ ਦੂਰ ਪਹਾੜਾਂ ਵਿੱਚ ਲਿਜਾ ਕੇ ਉਹਨਾਂ ਨਾਲ ਸਾਂਝੀਆਂ ਕਰ ਸਕਦਾ ਹਾਂ ਜਿਨ੍ਹਾਂ ਦੇ ਕੋਲ ਕੋਈ ਕਿਤਾਬ ਨਹੀਂ ਹੈ। ਇੱਕ ਗਧਾ ਕਿਤਾਬਾਂ ਲੈ ਕੇ ਚੱਲੇਗਾ 'ਤੇ ਇੱਕ ਮੈਨੂੰ ਅਤੇ ਥੋੜੀਆਂ ਹੋਰ ਕਿਤਾਬਾਂ। ”





ਲੁਈਸ ਦੋ ਛੋਟੇ ਤਾਕਤਵਰ ਗਧੇ ਖਰੀਦਦਾ ਹੈ।
ਉਹ ਉਨ੍ਹਾਂ ਦੇ ਨਾਮ ਅਲਫ਼ਾ ਅਤੇ ਬੇਟੋ ਰੱਖਦਾ ਹੈ।





ਉਹ ਉਹਨਾਂ ਦੇ ਦੋਨਾਂ ਪਾਸੇ ਕਰੇਟਾਂ ਬੰਨ ਦਿੰਦਾ ਹੈ ਅਤੇ ਪੇਟ ਨਾਲ
ਬਿਬਲੀਓਬਰੋ ਲਿਖ ਦਿੰਦਾ ਹੈ ਜੋ ਕਿ ਇੱਕ ਬਰੋ ਲਾਇਬਰੇਰੀ ਹੈ।
ਉਸਤੋਂ ਬਾਅਦ ਡਾਇਨਾ ਕਰੇਟਾਂ ਨੂੰ ਕਿਤਾਬਾਂ ਨਾਲ ਬੰਨ੍ਹ ਦਿੰਦੀ ਹੈ।





ਹਰ ਹਫ਼ਤੇ, ਲੁਈਸ, ਅਲਫ਼ਾ ਅਤੇ ਬੇਟੋ ਦੂਰ ਗੁਆਂਢੀ ਪਿੰਡਾਂ ਲਈ ਜਿਹੜੇ ਕਿ ਸ਼ਾਤ ਪਹਾੜਾਂ ਵਿੱਚ ਵਸੇ ਹੋਏ ਹਨ ਨੂੰ ਚੱਲ ਪੈਂਦੇ ਹਨ।




ਇਸ ਹਫ਼ਤੇ ਉਹ ਐਲ ਟੋਰਮੈਂਟੋ ਦਾ ਸਫ਼ਰ ਕਰਨਗੇ।




ਜਦੋਂ ਸੂਰਜ ਅਸਮਾਨ ਵਿੱਚ ਉੱਚਾ ਤਪਦਾ ਹੈ ਤਾਂ ਲੁਈਸ ਅਤੇ ਦੋਵੇਂ ਗਧੇ ਇੱਕ ਛੋਟੀ ਜਿਹੀ ਨਦੀ ਤੇ ਠੰਢਾ ਪਾਣੀ ਪੀਣ ਲਈ ਰੁਕ ਜਾਂਦੇ ਹਨ। ਆਪਣੀ ਪਿਆਸ ਬੁਝਾਉਣ ਤੋਂ ਬਾਦ ਬੇਟੋ ਜਿੱਦ ਵਿੱਚ ਰੁਕ ਜਾਂਦਾ ਹੈ।




ਲੁਈਸ ਬੇਟੋ ਦੀ ਲਗਾਮ ਖਿੱਚਦਾ ਰਹਿੰਦਾ ਹੈ,
ਪਰ ਬੋਟੋ ਟੱਸ ਤੋ ਮੱਸ ਨਹੀਂ ਹੋਣਾ ਚਾਹੁੰਦਾ।
ਬੱਚੇ ਸਾਡਾ ਇੰਤਜ਼ਾਰ ਕਰ ਰਹੇ ਹਨ।
ਅਖੀਰ ਵਿੱਚ ਉਹ ਗਧਾ ਹਾਰ ਜਾਂਦਾ ਹੈ
ਅਤੇ ਉਸ ਛੋਟੀ ਨਦੀ ਦੇ ਪਾਰ ਚਲਾ ਜਾਂਦਾ ਹੈ।

Deep in the hills, the path is lonelier than ever.
Bird songs are the only sounds they hear.
Then, from deep in the shadows,
a bandit leaps out!



ਅੰਦਰੂਨੀ ਪਹਾੜਾਂ ਦੇ ਅੰਦਰ ਰਸਤਾ ਹੋਰ ਵੀ ਸੁੰਨਸਾਨ ਹੋ ਜਾਂਦਾ ਹੈ।
ਸਿਰਫ ਪੰਛੀਆਂ ਦੇ ਗਾਉਣ ਦੀਆਂ ਅਵਾਜ਼ਾਂ ਉਹਨਾਂ ਨੂੰ ਸੁਣਦੀਆਂ ਹਨ।
ਇਸ ਤੋਂ ਬਾਦ ਘੁੱਪ ਹਨ੍ਹੇਰੇ ਵਿੱਚੋ ਇੱਕ ਡਾਕੂ ਬਾਹਰ ਆਉਂਦਾ ਹੈ।

"Please let us pass," Luis says.
"The children are waiting."
The bandit scowls at the books.
But he takes one and growls,
"Next time I want silver!"





"ਕਿਰਪਾ ਕਰਕੇ ਸਾਨੂੰ ਜਾਣ ਦਿਓ" ਕੋਈ ਕਹਿੰਦਾ ਹੈ।
"ਬੱਚੇ ਇੰਤਜ਼ਾਰ ਕਰ ਰਹੇ ਹਨ।"
ਡਾਕੂ ਕਿਤਾਬਾਂ ਨੂੰ ਘੂਰਦਾ ਹੈ।
ਪਰ ਉਹ ਇੱਕ ਲੈ ਲੈਂਦਾ ਹੈ ਅਤੇ ਬੜੇ ਰੋਅਬ ਨਾਲ ਕਹਿੰਦਾ ਹੈ,
"ਅਗਲੀ ਵਾਰ ਮੈਨੂੰ ਚਾਂਦੀ ਚਾਹੀਦੀ ਹੈ।"

The Biblioburro continues on its way
over the hills, until at last,
Luis sees houses below.
The children of El Tormento run to meet him.




ਬਿਬਲੀਓਬਰੋ ਆਪਣੇ ਰਸਤੇ ਚੱਲਦਾ ਹੈ, ਪਹਾੜਾਂ ਨੂੰ ਪਾਰ ਕਰਦਾ
ਹੋਇਆ, ਜਦ ਤੱਕ ਲੁਈਸ ਨੂੰ ਨੀਚੇ ਘਰ ਨਜ਼ਰ ਨਹੀਂ ਆਉਂਦਾ।
ਐਲ ਟੋਰਮੈਂਟੋ ਦੇ ਬੱਚੇ ਉਸਨੂੰ ਮਿਲਣ ਭੱਜੇ ਆਉਂਦੇ ਹਨ।





ਲੁਈਸ ਕਿਤਾਬਾਂ ਲੈਣ ਤੋਂ ਪਹਿਲਾਂ ਇੱਕ ਕਹਾਣੀ ਪੜ੍ਹਨ ਵਾਸਤੇ ਜ਼ਿੱਦ ਕਰਦਾ ਹੈ। "ਅੱਜ ਮੇਰੇ ਕੋਲ ਤੁਹਾਡੇ ਵਾਸਤੇ ਹੈਰਾਨ ਕਰਨ ਵਾਲੀ ਚੀਜ਼ ਹੈ", ਉਹ ਕਹਿੰਦਾ ਹੈ। ਉਹ ਕਿਤਾਬਾਂ ਦੇ ਪਿੱਛੇ ਜਾਂਦਾ ਹੈ ਅਤੇ ਮਖੌਟਿਆਂ ਦਾ ਇੱਕ ਬੰਡਲ ਕੱਢਦਾ ਹੈ - ਛੋਟੇ - ਛੋਟੇ ਸੂਰ ਦੇ ਬੱਚੇ। "ਮਖੌਟਾ ਪਾਓ, ਫੇਰ ਮੈਂ ਤੁਹਾਨੂੰ ਇੱਕ ਕਹਾਣੀ ਸਣਾਉਂਦਾ ਹਾਂ।"





ਜਦ ਕਹਾਣੀ ਖ਼ਤਮ ਹੁੰਦੀ ਹੈ, ਹੁਣ ਸਾਰਿਆਂ ਵਾਸਤੇ ਕਿਤਾਬ ਚੁਣਨ ਦਾ ਵਕਤ ਹੈ।





ਬੱਚੇ ਜਦੋਂ ਰੱਬ ਰਾਖਾ ਕਹਿ ਕੇ ਘਰ ਨੂੰ ਚੱਲਦੇ ਹਨ, ਉਹ ਆਪਣੀਆਂ – ਆਪਣੀਆਂ ਕਿਤਾਬਾਂ ਨੂੰ ਸੰਭਾਲ ਕੇ ਫੜ੍ਹ ਲੈਂਦੇ ਹਨ।





ਲੁਈਸ, ਅਲਫ਼ਾ ਅਤੇ ਬੇਟੋ ਪਹਾੜਾਂ ਤੋਂ ਹੁੰਦੇ ਹੋਏ ਵਾਪਿਸ ਆਉਂਦੇ ਹਨ।





ਨਦੀਆਂ, ਪਹਾੜਾਂ ਤੋਂ ਸੂਰਜ ਡੁੱਬਣ ਤੱਕ।




ਘਰ ਜਾ ਕੇ, ਲੁਈਸ ਆਪਣੇ ਭੁੱਖੇ ਗਧਿਆਂ ਨੂੰ ਖਾਣ ਲਈ ਦਿੰਦਾ ਹੈ। ਅਤੇ ਡਾਇਨਾ ਆਪਣੇ ਭੁੱਖੇ ਪਤੀ ਨੂੰ। ਪਰ ਉਸਤੋਂ ਬਾਦ, ਸੌਣ ਦੀ ਬਜਾਏ, ਲੁਈਸ ਆਪਣੀ ਕਿਤਾਬ ਚੱਕ ਲੈਦਾ ਹੈ ਅਤੇ ਦੇਰ ਰਾਤ ਤੱਕ ਪੜ੍ਹਦਾ ਹੈ।




ਦੂਰ ਪਹਾੜਾਂ ਵਿੱਚ ਮੋਮਬੱਤੀਆਂ ਅਤੇ ਲਾਲਟੈਨਾਂ ਜਲਦੀਆਂ ਹਨ।




ਜਦ ਬੱਚੇ ਉਧਾਰ ਲਈਆਂ ਕਿਤਾਬਾਂ ਦੇਰ ਰਾਤ ਤੱਕ ਪੜ੍ਹਦੇ ਹਨ।